2 ਅਪ੍ਰੈਲ, 2020

ਮਾਪਿਓ, ਵਿਦਿਆਰਥੀਓ ਅਤੇ ਸਟਾਫ ਮੈਂਬਰੋ,

ਸਾਡੀ ਨਵੀਂ ਸਚਾਈ ਲਈ ਇਹ ਇਕ ਅਸਾਧਾਰਣ ਸ਼ੁਰੂਅਤ ਹੈ। ਪਿਛਲੇ ਹਫਤੇ ਦੇ ਸੁਨੇਹੇ ਵਿੱਚ ਮੈਂ ਤੁਹਾਨੂੰ ਦੱਸਿਆ ਸੀ ਕਿ ਤੁਸੀਂ ਪਹਿਲੇ ਹਫਤੇ ਵਿੱਚ ਕਿਸ ਚੀਜ਼ ਦੀ ਉਮੀਦ ਕਰ ਸਕਦੇ ਹੋ ਅਤੇ ਹੁਣ ਮੈਂ ਇਹ ਦੱਸਣ ਲਈ ਹਾਜ਼ਰ ਹਾਂ ਕਿ ਅਸੀਂ ਹੁਣ ਤੱਕ ਕੀ ਕੀਤਾ ਹੈ ਅਤੇ ਤੁਸੀਂ ਦੂਜੇ ਹਫਤੇ ਅਤੇ ਉਸ ਤੋਂ ਅਗਾਂਹ ਕਿਸ ਚੀਜ਼ ਦੀ ਆਸ ਕਰ ਸਕਦੇ ਹੋ।

ਬੱਚਿਆਂ ਨੂੰ ਸਕੂਲ ਦੀ ਯਾਦ ਆਉਂਦੀ ਹੈ ਅਤੇ ਉਹ ਆਪਣੇ ਦੋਸਤਾਂ ਅਤੇ ਅਧਿਆਪਕਾਂ ਨੂੰ ਮਿਲਣਾ ਲੋਚਦੇ ਹਨ।

ਸਾਡਾ ਪ੍ਰਬੰਧ ਸਾਰਿਆਂ ਲਈ ਇਕ ਹੀ ਮੇਚ ਦਾ ਸੂਟ ਭਾਵ ਸਾਰਿਆਂ ਨੂੰ ਇਕ ਹੀ ਢੰਗ ਨਾਲ ਪੜ੍ਹਾਉਣ ਵਾਲਾ ਪ੍ਰਬੰਧ ਨਹੀਂ ਹੈ ਅਤੇ ਇਹ ਬ੍ਰਿਟਿਸ਼ ਕੋਲੰਬੀਆਂ ਦੀਆਂ ਮਜ਼ਬੂਤੀਆਂ ਵਿੱਚੋਂ ਇਕ ਮਜ਼ਬੂਤੀ ਹੈ। ਇਸ ਲਈ ਤੁਸੀਂ ਪੜ੍ਹਾਈ ਦੇ ਵੱਖਰੀਆਂ ਵੱਖਰੀਆਂ ਰਫਤਾਰਾਂ ਵਾਲੇ ਵੱਖਰੇ ਵੱਖਰੇ ਢੰਗ ਦੇਖੋਗੇ।

ਸਿਰਫ ਚਾਰ ਦਿਨ ਪਹਿਲਾਂ ਸਕੂਲਾਂ ਨੂੰ ਇਕੱਠੇ ਹੋਣ ਅਤੇ ਅਜਿਹੀ ਯੋਜਨਾ (ਪਲੈਨ) ਬਣਾਉਣ ਲਈ ਕਿਹਾ ਗਿਆ ਸੀ, ਜਿਸ ਯੋਜਨਾ ਲਈ ਵਿਦਿਆਰਥੀਆਂ ਨੂੰ ਇਕੱਠੇ ਆਹਮਣੇ ਸਾਹਮਣੇ ਲਿਆ ਸਕਣ ਦੀ ਅਸਮਰੱਥਾ ਕਾਰਨ ਹਰ ਚੀਜ਼ ਬਾਰੇ ਦੋਬਾਰਾ ਸੋਚਣ ਦੀ ਲੋੜ ਸੀ। ਨਵੇਂ ਸਾਧਨਾਂ ਨੂੰ ਅਪਨਾਉਣ ਦੀ ਲੋੜ ਸੀ, ਨਵੇਂ ਵਸੀਲਿਆਂ ਬਾਰੇ ਗੌਰ ਕਰਨ ਦੀ ਲੋੜ ਸੀ, ਨਵੀਂ ਤਰ੍ਹਾਂ ਸੋਚਣ ਅਤੇ ਅਜਿਹਾ ਹੋਰ ਕਈ ਕੁੱਝ ਕਰਨ ਦੀ ਲੋੜ ਸੀ। ਇਹ ਹਫਤਾ ਪੜ੍ਹਾਈ ਕਰਵਾਉਣ ਦੇ ਢੰਗ ਵਿੱਚ ਇਕ ਬੁਨਿਆਦੀ ਤਬਦੀਲੀ ਦੀ ਲੋੜ ਲੈ ਕੇ ਆਇਆ ਹੈ ਅਤੇ ਸਕੂਲਾਂ ਨੇ ਇਸ ਨਾਲ ਨਿਪਟਣ ਲਈ ਕਦਮ ਚੁੱਕੇ ਹਨ।

ਸਕੂਲਾਂ ਨੇ ਕੰਮ ਕਰਨ ਦੇ ਆਪਣੇ ਮੌਜੂਦਾ ਢਾਂਚੇ ਵਿੱਚ ਤਬਦੀਲੀਆਂ ਕੀਤੀਆਂ ਹਨ। ਉਹ ਆਨਲਾਈਨ ਮਿਲ ਰਹੇ ਹਨ, ਉਹ ਵਿਰਚੁਅਲ (ਕੰਪਿਊਟਰਾਂ, ਇੰਟਰਨੈੱਟ ਆਦਿ ਨਾਲ ਸੰਚਾਰ ਕਰਨ ਵਾਲੇ) ਸੰਸਾਰ ਵਿੱਚ ਰਲ ਕੇ ਕੰਮ ਕਰ ਰਹੇ ਹਨ, ਉਹ ਨਵੇਂ ਸਾਧਨ ਅਤੇ ਪਹੁੰਚਾਂ ਦੀ ਵਰਤੋਂ ਕਰ ਰਹੇ ਹਨ। ਅਸੀਂ ਇਕ ਚੀਜ਼ ਮਹਿਸੂਸ ਕਰ ਰਹੇ ਹਾਂ ਕਿ ਬੇਸ਼ੱਕ ਕਈ ਅਧਿਆਪਕ ਇਸ ਹਫਤੇ ਮਾਪਿਆਂ ਨੂੰ ਕੁੱਝ ਅਗੇਤੀਆਂ ਹਿਦਾਇਤਾਂ ਦੇਣ ਲਈ ਉਤੇਜਤ ਹਨ, ਪਰ ਉਹ ਇਹ ਵੀ ਨਹੀਂ ਚਾਹੁੰਦੇ ਕਿ ਮਾਪਿਆਂ 'ਤੇ ਇਕਦਮ ਬਹੁਤ ਸਾਰੀ ਜਾਣਕਾਰੀ ਦਾ ਭਾਰ ਪਾ ਦਿੱਤਾ ਜਾਵੇ। ਆਪਣੇ ਵਿਦਿਅਕ ਪ੍ਰਬੰਧ ਅਤੇ ਆਪਣੀ ਕਮਿਊਨਿਟੀ ਲਈ ਸਾਡੇ ਸੁਨੇਹੇ ਦੇ ਕੇਂਦਰ ਵਿੱਚ ਇਸ ਖਿੱਚੋਤਾਣ ਦਾ ਇਕ ਅੰਸ਼ ਮੌਜੂਦ ਹੈ। ਕਿਰਪਾ ਕਰਕੇ ਧੀਰਜ ਰੱਖੋ, ਹੌਲੀ ਹੌਲੀ ਅਤੇ ਟਿਕ ਕੇ ਚੱਲਣ ਵਾਲੇ ਹੀ ਦੌੜ ਜਿੱਤਦੇ ਹਨ। ਸਭ ਤੋਂ ਪਹਿਲੀ ਗੱਲ ਸੰਪਰਕ ਕਰਨ ਅਤੇ ਜੁੜਨ ਦੀ ਹੈ, ਫਿਰ ਪੜ੍ਹਾਈ ਪੜਾਵਾਂ ਵਿੱਚ ਸ਼ੁਰੂ ਹੋ ਸਕੇਗੀ, ਛੋਟੇ ਛੋਟੇ ਕਦਮਾਂ ਨਾਲ।

ਇਨ੍ਹਾਂ ਸ਼ੁਰੂ ਦੇ ਦਿਨਾਂ ਵਿੱਚ ਇਕ ਗੱਲ ਜਿਹੜੀ ਸਾਹਮਣੇ ਆਈ ਹੈ, ਉਹ ਹੈ ਕਿ ਸਾਡੇ ਸਕੂਲਾਂ ਵੱਲੋਂ ਆਪਣੇ ਵਿਦਿਆਰਥੀਆਂ ਅਤੇ ਆਪਣੀ ਕਮਿਊਨਿਟੀ ਲਈ ਮਹਿਸੂਸ ਕੀਤਾ ਜਾ ਰਿਹਾ ਅਸਾਧਾਰਣ ਜ਼ਿੰਮੇਵਾਰੀ ਦਾ ਅਹਿਸਾਸ। ਅਸੀਂ ਇਨ੍ਹਾਂ ਸ਼ੁਰੂ ਦੇ ਦਿਨਾਂ ਵਿੱਚ ਸਕੂਲਾਂ ਵੱਲੋਂ ਮਿਲ ਕੇ ਕੰਮ ਕਰਨ, ਆਪਣੀ ਕਮਿਊਨਿਟੀ ਨੂੰ ਫਿਕਰਮੰਦੀ ਅਤੇ ਸਾਂਝ ਦਾ ਸੁਨੇਹਾ ਦੇਣ ਦੀਆਂ ਕਈ ਬਹੁਤ ਸਾਰੀਆਂ ਪ੍ਰਭਾਵਸ਼ਾਲੀ ਉਦਾਹਰਨਾਂ ਦੇਖੀਆਂ ਹਨ। ਇਹ ਬਹੁਤ ਹੀ ਦਿਲ ਵਧਾਉਣ ਵਾਲੀ ਗੱਲ ਹੈ, ਅਤੇ ਇਹ ਦਿਖਾਉਂਦੀ ਹੈ ਕਿ ਅਸੀਂ ਸਾਰੇ ਵਿਦਿਆ ਦੇ ਖੇਤਰ ਵਿੱਚ ਕਿਉਂ ਆਏ, ਕਿਉਂਕਿ ਅਸੀਂ ਪਰਵਾਹ ਕਰਦੇ ਹਾਂ।

ਕਈ ਕੇਸਾਂ ਵਿੱਚ, ਲੋਕ ਪੜ੍ਹਾਈ ਕਰਵਾਉਣ ਦੀਆਂ ਕਈ ਹੈਰਾਨ ਕਰਨ ਵਾਲੀਆਂ ਅਤੇ ਨਵੀਂਆਂ ਉਦਾਹਰਨਾਂ ਦੇਖਣਗੇ, ਅਤੇ ਉਸ ਪੱਧਰ ਨੂੰ ਕਾਇਮ ਰੱਖਣ ਲਈ ਦਬਾਅ ਪਵੇਗਾ। ਇਕ ਵਾਰ ਫਿਰ, ਅਸੀਂ ਸਾਰੇ ਜਣੇ ਇਸ ਹਫਤੇ ਵਿੱਚ ਆਨਲਾਈਨ ਸਾਧਨਾਂ ਬਾਰੇ ਵੱਖ ਵੱਖ ਪੱਧਰ ਦੀ ਯੋਗਤਾ ਨਾਲ ਦਾਖਲ ਹੋਏ ਹਾਂ। ਜਦੋਂ ਕਿ ਅਸੀਂ ਉਨ੍ਹਾਂ ਨਵੇਂ ਢੰਗਾਂ ਦਾ ਜਸ਼ਨ ਮਨਾਉਂਦੇ ਹਾਂ ਅਤੇ ਉਨ੍ਹਾਂ ਤੋਂ ਬਲਿਹਾਰੇ ਜਾਂਦੇ ਹਾਂ, ਉਸ ਸਮੇਂ ਸਾਨੂੰ ਇਹ ਗੱਲ ਵੀ ਯਾਦ ਹੈ, ਕਿ ਸਾਡੇ ਸਿੱਖਿਆਰਥੀਆਂ ਦੀ ਜ਼ਿੰਦਗੀ ਵਿੱਚ ਜਿਸ ਸਭ ਤੋਂ ਮਹੱਤਵਪੂਰਨ ਚੀਜ਼ ਦੀ ਘਾਟ ਹੈ, ਉਹ ਹੈ ਉਨ੍ਹਾਂ ਦਾ/ਦੀ ਕਲਾਸਰੂਮ ਟੀਚਰ। ਅਸੀਂ ਜੋ ਕੁੱਝ ਕਰਦੇ ਹਾਂ, ਉਸ ਦਾ ਧੁਰਾ ਤੁਹਾਡਾ ਮਨੁੱਖੀ ਨਾਤਾ ਹੈ। ਸਿਰਫ ਲੋਕਾਂ ਨਾਲ ਸੰਪਰਕ ਕਰਨਾ, ਪਰਿਵਾਰਾਂ ਨੂੰ ਇਹ ਦੱਸਣਾ ਕਿ ਤੁਸੀਂ ਉੱਥੇ ਹਾਜ਼ਰ ਹੋ ਅਤੇ ਤੁਸੀਂ ਉਨ੍ਹਾਂ ਨਾਲ ਮਿਲ ਕੇ ਕੰਮ ਕਰੋਗੇ, ਉਨ੍ਹਾਂ ਨੂੰ ਬਹੁਤ ਸਾਰਾ ਭਰੋਸਾ ਅਤੇ ਸਮਰਥਨ ਪ੍ਰਦਾਨ ਕਰਦਾ ਹੈ। ਇਹ ਹਫਤਾ # 1 ਹੈ।

ਮਾਪਿਓ, ਅਸੀਂ ਇਹ ਵੀ ਜਾਣਦੇ ਹਾਂ ਕਿ ਇਹ ਇਕ ਨਵਾਂ ਸੰਸਾਰ ਹੈ। ਤੁਸੀਂ ਕੰਮ ਕਰਦੇ ਹੋ, ਹੁਣ ਤੁਹਾਡੇ ਬੱਚੇ ਘਰ ਵਿੱਚ ਹਨ ਅਤੇ ਤੁਹਾਨੂੰ ਮਿਲੀ ਹੋਈ ਜਾਣਕਾਰੀ ਦੀ ਵਿਆਖਿਆ ਕਰਨੀ ਪਵੇਗੀ ਅਤੇ ਭਾਈਚਾਰੇ ਵਿੱਚ ਆਰਥਿਕਤਾ, ਆਮ ਢੰਗ ਨਾਲ ਆ- ਜਾ ਸਕਣ ਦੀ ਯੋਗਤਾ ਅਤੇ ਆਪਣੀ ਸਿਹਤ ਦੇ ਫਿਕਰ ਕਾਰਨ ਪੈਦਾ ਹੋਣ ਵਾਲੀ ਇਸ ਤਰ੍ਹਾਂ ਦੀ ਅਨਿਸ਼ਚਤਿਤਾ ਦੇ ਦੌਰ ਵਿੱਚ ਤੁਹਾਨੂੰ ਆਪਣੇ ਆਪ ਨੂੰ ਨਵਿਆਉਣਾ ਪਵੇਗਾ ਅਤੇ ਆਉਣ ਵਾਲੇ ਹਫਤਿਆਂ ਵਿੱਚ ਕੀ ਹੋਵੇਗਾ ਇਸ ਬਾਰੇ ਮੁੜ ਅਨੁਮਾਨ ਲਾਉਣਾ ਪਵੇਗਾ। ਇਹ ਸਮਾਂ ਚੁਣੌਤੀਆਂ ਭਰਪੂਰ ਹੈ।

ਦੂਜੇ ਹਫਤੇ ਵਿੱਚ ਮਾਪਿਆਂ ਅਤੇ ਵਿਦਿਆਰਥੀਆਂ ਨੂੰ ਸਕੂਲਾਂ ਤੋਂ ਹੋਰ ਜਾਣਕਾਰੀ ਮਿਲੇਗੀ। ਹੌਲੀ ਹੌਲੀ ਤੁਹਾਨੂੰ ਪਾਠ (ਲੈਸਨ) ਮਿਲਣੇ ਸ਼ੁਰੂ ਹੋ ਜਾਣਗੇ ਅਤੇ ਇਸ ਦੇ ਨਾਲ ਹੀ ਤੁਹਾਨੂੰ ਨਵੇਂ ਸਾਧਨਾਂ ਅਤੇ ਢੰਗਾਂ ਨਾਲ ਕੰਮ ਕਰਨ ਲਈ ਆਖਿਆ ਜਾਵੇਗਾ, ਜਿਨ੍ਹਾਂ ਲਈ ਸਿੱਖਣ ਦੀ ਲੋੜ ਹੋਵੇਗੀ। ਸਾਡੇ ਵੱਲੋਂ ਸਕੂਲਾਂ ਨੂੰ ਪੜ੍ਹਾਈ ਬਾਰੇ ਹੌਲੀ ਹੌਲੀ ਅਤੇ ਟਿਕ ਕੇ ਚੱਲਣ ਲਈ ਕਹਿਣ ਦਾ ਇਕ ਕਾਰਨ ਇਹ ਹੈ ਕਿ ਅਸੀਂ ਸੋਚਦੇ ਹਾਂ ਕਿ ਕਿਤੇ ਅਸੀਂ ਮਾਪਿਆਂ 'ਤੇ ਜ਼ਿਆਦਾ ਭਾਰ ਨਾ ਪਾ ਦੇਈਏ, ਕਿਉਂਕਿ ਉਨ੍ਹਾਂ ਨੂੰ ਵੀ ਇਸ ਨਾਲ ਅਡਜਸਟ ਹੋਣ ਲਈ ਸਮਾਂ ਚਾਹੀਦਾ ਹੈ। ਵਿਚਾਰ ਕਰਨ ਵਾਲੀ ਇਕ ਅਗਲੀ ਗੱਲ ਇਹ ਹੈ ਕਿ ਸਾਡੇ ਕਰਮਚਾਰੀ ਵੀ ਇਸ ਨਵੀਂ ਸਚਾਈ ਨੂੰ ਮਹਿਸੂਸ ਕਰ ਰਹੇ ਹਨ। ਅਸੀਂ ਘਰਾਂ ਵਿੱਚ ਆਪਣੀਆਂ ਰੈਗੂਲਰ ਨੌਕਰੀਆਂ ਵੀ ਕਰ ਰਹੇ ਹਾਂ ਅਤੇ ਨਾਲ ਹੀ ਆਪਣੇ ਬੱਚਿਆਂ ਨੂੰ ਵੀ ਪੜ੍ਹਾ ਰਹੇ ਹਨ। ਅਸੀਂ ਉਸ ਤਰ੍ਹਾਂ ਹੀ ਜੀਅ ਰਹੇ ਹਾਂ, ਜਿਸ ਤਰ੍ਹਾਂ ਸਾਡੇ ਹਜ਼ਾਰਾਂ ਮਾਪੇ ਜੀਅ ਰਹੇ ਹਨ, ਇਸ ਲਈ ਅਸੀਂ ਸਥਿਤੀ ਨੂੰ ਸਮਝਦੇ ਹਾਂ।

ਅਖੀਰ ਵਿੱਚ, ਤੁਹਾਡੇ ਵਿੱਚੋਂ ਉਨ੍ਹਾਂ ਲੋਕਾਂ ਲਈ ਜੋ ਬਹੁਤ ਹੀ ਉੱਘੀ ਕੌਮੀ ਸ਼ਖਸੀਅਤ ਸਟੀਫਨ ਲਿਊਸ ਨੂੰ ਜਾਣਦੇ ਹਨ, ਜਿਸ ਨੂੰ ਅਫਰੀਕਾ ਵਿੱਚ ਯੂਨਾਈਟਡ ਨੇਸ਼ਨਜ਼ ਦੇ ਖਾਸ ਸਫੀਰ ਵੱਜੋਂ ਚੁਣਿਆ ਗਿਆ ਸੀ। ਸਟੀਫਨ ਸਾਨੂੰ ਇਹ ਯਾਦ ਕਰਾਉਂਦਾ ਹੈ ਕਿ ਆਪਣੇ ਸਫਰਾਂ ਅਤੇ ਕੰਮ ਦੌਰਾਨ ਉਸ ਨੇ ਜੋ ਜਾਣਿਆ, ਉਹ ਇਹ ਸੀ ਕਿ ਸਾਰੀ ਦੁਨੀਆ ਦੇ ਬੱਚੇ ਜਿਸ ਚੀਜ਼ ਨੂੰ ਸਭ ਤੋਂ ਜ਼ਿਆਦਾ ਪਸੰਦ ਕਰਦੇ ਸਨ, ਉਹ ਸੀ ਸਕੂਲ। ਮੇਰੇ ਖਿਆਲ ਵਿੱਚ ਇਸ ਸਮੇਂ ਅਸੀਂ ਸਾਰੇ ਆਪਣੇ ਸਰਕਾਰੀ ਵਿਦਿਅਕ ਪ੍ਰਬੰਧ ਦੀ ਕੀਮਤ ਅਤੇ ਮਹੱਤਤਾ ਨੂੰ ਸਮਝ ਰਹੇ ਹਾਂ, ਸਿਰਫ ਆਪਣੀ ਪੜ੍ਹਾਈ ਲਈ ਹੀ ਨਹੀਂ ਸਗੋਂ ਚੁਣੌਤੀਆਂ ਭਰਪੂਰ ਸਮਿਆਂ ਵਿੱਚ ਇਕ ਦੂਜੇ ਦੀ ਦੇਖਭਾਲ ਕਰ ਸਕਣ ਦੀ ਆਪਣੀ ਯੋਗਤਾ ਲਈ ਵੀ।

ਮੈਂ ਜਾਣਦਾ ਹਾਂ ਕਿ ਸਾਡਾ ਜ਼ਿਲ੍ਹਾ ਅਤੇ ਭਾਈਚਾਰਾ ਇਕ ਦੂਜੇ ਦੇ ਨੇੜੇ ਆ ਰਹੇ ਹਨ। ਮੈਂ ਸਭ ਪਾਸੇ ਦੇਖ ਰਿਹਾ ਹਾਂ, ਇੱਥੋਂ ਤੱਕ ਕਿ ਇਸ ਤਰ੍ਹਾਂ ਦੀਆਂ ਛੋਟੀਆਂ ਛੋਟੀਆਂ ਚੀਜ਼ਾਂ ਵਿੱਚ ਵੀ, ਜਦੋਂ ਰਾਤ ਨੂੰ 7:00 ਵਜੇ ਲੋਕ ਸੜਕਾਂ 'ਤੇ ਆ ਕੇ ਆਪਣੇ ਸਿਹਤ ਸੰਭਾਲ ਕਾਮਿਆਂ (ਹੈਲਥ ਕੇਅਰ ਵਰਕਰਜ਼) ਦੇ ਸਮਰਥਨ ਵਿੱਚ ਭਾਂਡੇ ਖੜਕਾਉਂਦੇ ਹਨ। ਇਸ ਵਿੱਚ ਅਸੀਂ ਸਾਰੇ ਇਕੱਠੇ ਹਾਂ, ਅਸੀਂ ਜ਼ਰੂਰ ਹੀ ਅਗਲਾ ਸਿਰਾ ਦੇਖਾਂਗੇ ਅਤੇ ਜਾਣਦੇ ਹਾਂ ਕਿ ਹਰ ਰੋਜ਼ ਸਰੀ ਸਕੂਲ ਜ਼ਿਲ੍ਹੇ ਨਾਲ ਕੰਮ ਕਰਨ ਵਾਲੇ ਲੋਕ ਤੁਹਾਡੇ ਨਾਲ ਖੜ੍ਹੇ ਹਨ।

ਜੌਰਡਨ ਟਿੰਨੀ,
ਸਕੂਲਾਂ ਦਾ ਸੁਪਰਡੈਂਟ/ ਸੀ ਈ ਓ